ਭਾਰਤ-ਈਰਾਨ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ

03 ਜਨਵਰੀ, 2025

03 ਜਨਵਰੀ 2025 ਨੂੰ ਨਵੀਂ ਦਿੱਲੀ ਵਿੱਚ 19ਵੇਂ ਭਾਰਤ-ਇਰਾਨ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC) ਦਾ ਆਯੋਜਨ ਕੀਤਾ ਗਿਆ। ਬੈਠਕ ਦੀ ਸਹਿ-ਪ੍ਰਧਾਨਗੀ ਵਿਦੇਸ਼ ਸਕੱਤਰ ਸ਼੍ਰੀ ਵਿਕਰਮ ਮਿਸ਼ਰੀ ਅਤੇ ਈਰਾਨ ਇਸਲਾਮਿਕ ਗਣਰਾਜ ਦੇ ਰਾਜਨੀਤਿਕ ਮਾਮਲਿਆਂ ਦੇ ਉਪ ਵਿਦੇਸ਼ ਮੰਤਰੀ ਮਹਾਮਹਿਮ ਡਾ. ਮਜੀਦ ਤਖ਼ਤ ਰਾਵਾਂਚੀ ਨੇ ਕੀਤੀ।

2. ਦੋਵਾਂ ਧਿਰਾਂ ਨੇ ਚਾਬਹਾਰ ਬੰਦਰਗਾਹ, ਖੇਤੀਬਾੜੀ ਸਹਿਯੋਗ, ਵਪਾਰ ਅਤੇ ਆਰਥਿਕ ਮੁੱਦਿਆਂ ਦੇ ਨਾਲ-ਨਾਲ ਸੱਭਿਆਚਾਰਕ ਅਤੇ ਲੋਕਾਂ ਵਿਚਕਾਰ ਦੇ ਆਪਸੀ ਸਬੰਧਾਂ ਸਮੇਤ ਦੁਵੱਲੇ ਸਬੰਧਾਂ ਦੇ ਸਮੁੱਚੇ ਸਪੈਕਟ੍ਰਮ ਦੀ ਸਮੀਖਿਆ ਕੀਤੀ।

3. ਵਿਚਾਰ-ਵਟਾਂਦਰੇ ਦੌਰਾਨ ਮੌਜੂਦਾ ਖੇਤਰੀ ਅਤੇ ਗਲੋਬਲ ਵਿਕਾਸ (ਸਮੇਤ ਅਫਗਾਨਿਸਤਾਨ, ਪੱਛਮੀ ਏਸ਼ੀਆ ਅਤੇ ਦੱਖਣੀ ਕੋਕਾਸਸ ਦੀ ਸਥਿਤੀ) ਨੂੰ ਵੀ ਕਵਰ ਕੀਤਾ ਗਿਆ। ਵਿਦਸ਼ੇ ਸਕੱਤਰ ਨੇ ਅਫਗਾਨਿਸਤਾਨ ਦੇ ਪੁਨਰ ਨਿਰਮਾਣ ਅਤੇ ਆਰਥਿਕ ਵਿਕਾਸ ਦੇ ਸਮਰਥਨ ਵਿੱਚ ਚਾਬਹਾਰ ਬੰਦਰਗਾਹ ਦੇ ਮਹੱਤਵ ਨੂੰ ਉਜਾਗਰ ਕੀਤਾ। ਦੋਵਾਂ ਧਿਰਾਂ ਨੇ UN, BRICS, ਅਤੇ SCO ਸਮੇਤ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

4. ਆਪਣੀ ਯਾਤਰਾ ਦੌਰਾਨ, ਮਹਾਮਹਿਮ ਡਾ. ਮਜੀਦ ਤਖ਼ਤ ਰਾਵਾਂਚੀ ਨੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨਾਲ ਵੀ ਮੁਲਾਕਾਤ ਕੀਤੀ। ਉਹਨਾਂ ਵਿਚ ਹੋਇਆ ਵਿਚਾਰ-ਵਟਾਂਦਰਾ ਦੁਵੱਲੇ ਮਾਮਲਿਆਂ ਅਤੇ ਮੌਜੂਦਾ ਖੇਤਰੀ ਚੁਣੌਤੀਆਂ 'ਤੇ ਕੇਂਦਰਿਤ ਸੀ। ਦੋਵੇਂ ਧਿਰਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਉੱਚ-ਪੱਧਰੀ ਆਦਾਨ-ਪ੍ਰਦਾਨ ਦੀ ਗਤੀ ਨੂੰ ਜਾਰੀ ਰੱਖਣ ਲਈ ਸਹਿਮਤੀ ਜਤਾਈ।

**ਨਵੀਂ ਦਿੱਲੀ**

**03 ਜਨਵਰੀ, 2025**